FOR IMMEDIATE RELEASE CITY OF SURREY

# MEDIA RELEASE

## ਸਰੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਟੂਲ ਦਾ ਕੀਤਾ ਰਸਮੀ ਲਾਂਚ

### ਪਰਮਿਟ ਪ੍ਰੀਕ੍ਰਿਆ ਨੂੰ ਸੌਖਾਲਾ ਤੇ ਸਮਝਣਯੋਗ ਬਣਾਉਣ ਲਈ ਬਹੁ-ਭਾਸ਼ਾਈ ਸਹਾਇਤਾ ਉਪਲਬੱਧ

*ਤੁਰੰਤ ਰਿਲੀਜ਼: ਦਸੰਬਰ 17, 2024*

**ਸਰੀ, ਬੀ.ਸੀ.** - ਸਿਟੀ ਨੇ ਅਧਿਕਾਰਤ ਤੌਰ 'ਤੇ ਡਿਵੈਲਪਮੈਂਟ ਇਨਕੁਆਰੀ ਅਸਿਸਟੈਂਟ (DIA), ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੁਆਰਾ ਸੰਚਾਲਿਤ ਚੈਟਬੋਟ ਲਾਂਚ ਕੀਤਾ ਹੈ, ਜੋ ਨਾਗਰਿਕਾਂ ਨੂੰ ਨਵੀ ਤਕਨੀਕ ਸਹੂਲਤ ਨਾਲ ਰੈਨੋਵੇਸ਼ਨ, ਨਵੀਂ ਉਸਾਰੀ ਅਤੇ ਵਿਕਾਸ ਆਦਿ ਬਾਰੇ ਉਹਨਾਂ ਦੇ ਸਵਾਲਾਂ ਦੇ ਤੁਰੰਤ ਅਤੇ ਸਹੀ ਜਵਾਬ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਸਾਲ ਦੇ ਸ਼ੁਰੂ ਵਿੱਚ ਜਾਰੀ ਕੀਤੇ DIA ਦੇ ਪਾਇਲਟ, ਪ੍ਰੋਜੈਕਟ ਦਾ ਇਹ ਵਿਸਥਾਰ ਹੈ ।

ਮੇਅਰ ਬਰੈਂਡਾ ਲੌਕ ਨੇ ਕਿਹਾ, " ਇਹ ਨਵਾਂ ਮੀਲਪੱਥਰ ਲਾਂਚ, ਸਿਟੀ ਵਲੋਂ ਲਗਾਤਾਰ ਵਧੀਆ ਸੇਵਾਵਾਂ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ," । "ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਦੇ ਹੋਏ, ਅਸੀਂ ਨਾਗਰਿਕਾਂ ਨੂੰ ਤੁਰੰਤ ਪਰਮਿਟ ਦੇਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਪਹੁੰਚਾਉਣਾ ਆਸਾਨ ਬਣਾ ਰਹੇ ਹਾਂ। ਮੈਂ ਸਟਾਫ਼ ਦੇ ਯਤਨਾਂ ਅਤੇ ਪਾਇਲਟ ਲਾਂਚ ਤੋਂ ਬਾਅਦ ਲਗਾਤਾਰ ਇਸ ਟੂਲ ਨੂੰ ਬਿਹਤਰ ਬਣਾਉਣ ਲਈ ਕੀਤੇ ਕੰਮ ਦੀ ਸ਼ਲਾਘਾ ਕਰਦੀ ਹਾਂ। ਇਹ ਸਾਡੇ ਭਾਈਚਾਰੇ ਦੀ ਬਿਹਤਰ ਸੇਵਾ ਕਰਨ ਲਈ ਟੈਕਨਾਲੋਜੀ ਦਾ ਲਾਭ ਉਠਾਉਣ ਵਿੱਚ ਇੱਕ ਅਗਾਂਹਵਧੂ ਕਦਮ ਹੈ।"

DIA ਦਾ ਪਾਇਲਟ ਪ੍ਰੋਜੈਕਟ 9 ਅਪ੍ਰੈਲ, 2024 ਨੂੰ ਲਾਂਚ ਕੀਤਾ ਗਿਆ ਸੀ, ਜਿਸ ਨਾਲ ਪਰਮਿਟ ਪ੍ਰਕਿਰਿਆ ਦੀ ਕਿਸਮ ਅਤੇ ਅਰਜ਼ੀਆਂ ਪ੍ਰਾਪਤ ਕਰਨ ਨੂੰ ਸੁਧਾਰਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ।

ਉਸ ਸਮੇਂ ਤੋਂ ਹੁਣ ਤੱਕ DIA ਨੇ ਉਪਭੋਗਤਾ ਦੇ ਤਜ਼ਰਬੇ ਨੂੰ ਬਿਹਤਰ ਬਣਾਉਣ ਲਈ ਕਈ ਸੁਧਾਰ ਕੀਤੇ ਹਨ, ਜਿੰਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

- ਵੈੱਬਸਾਈਟ ਪੰਨੇ 'ਤੇ ਨਿਵੇਕਲਾ ਤਜ਼ਰਬਾ, ਚੈਟਬੋਟ ਆਈਕਨ ਰੈਨੋਵੈਟਿੰਗ, ਬਿਲਡਿੰਗ ਐਂਡ ਡਿਵੈਲਪਮੈਂਟ ਸੈਕਸ਼ਨ ਨਾਲ ਜੋੜਿਆ ਗਿਆ;
- ਪ੍ਰੋਵਿੰਸ਼ੀਅਲ ਕਨੂੰਨ ਦੁਆਰਾ ਪੇਸ਼ ਜ਼ੋਨਿੰਗ ਤਬਦੀਲੀਆਂ ਮੁਤਾਬਕ ਅੱਪਡੇਟ, ਜਿਸ ਵਿੱਚ ਛੋਟੇ ਪੈਮਾਨੇ ਤੋਂ ਲੈ ਕੇ ਮਲਟੀ-ਯੂਨਿਟ ਹਾਊਸਿੰਗ (SSMUH) ਸ਼ਾਮਲ ਹਨ;
- ਸੰਭਾਵੀ ਸਭ-ਡਿਵੀਜ਼ਨ ਅਤੇ ਵਿਸ਼ਾਲ ਡਿਵੈਲਪਮੈਂਟ (CD) ਜ਼ੋਨਾਂ ਬਾਰੇ ਸਵਾਲਾਂ ਨੂੰ ਹੱਲ ਕਰਨ ਦੀ ਸਮਰੱਥਾ;
- ਹੋਰ ਉਪਰਾਲਿਆਂ ਨਾਲ ਔਨਲਾਈਨ ਡਿਵੈਲਪਮੈਂਟ ਇਨਕੁਆਰੀ (ODI) ਟੂਲ ਨਾਲ ਤਾਲਮੇਲ;
- ਉਪਭੋਗਤਾਵਾਂ ਲਈ ਵਿਭਿੰਨ ਸ਼੍ਰੇਣੀ ਵਿੱਚ ਮੱਦਦ ਵਾਸਤੇ ਬਹੁ-ਭਾਸ਼ਾਈ ਸਹਾਇਤਾ ਦੀ ਪੇਸ਼ਕਸ਼।

DIA ਦੀ ਹੁਣ ਮੁਕੰਮਲ ਸ਼ੁਰੂਆਤ ਨਾਲ, ਨਾਗਰਿਕ ਦਿਨ ਦੇ ਕਿਸੇ ਵੀ ਸਮੇਂ, ਕਿਸੇ ਵੀ ਡਿਵਾਈਸ ਤੋਂ ਮੁਰੰਮਤ, ਸਧਾਰਨ ਅਤੇ ਗੁੰਝਲਦਾਰ ਬਿਲਡਿੰਗ ਪਰਮਿਟ, ਅਤੇ ਜ਼ੋਨਿੰਗ ਨੂੰ ਕਵਰ ਕਰਨ ਵਾਲੀ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਇਸ ਵੇਲੇ DIA ਪ੍ਰਤੀ ਮਹੀਨਾ ਔਸਤਨ 460 ਸਵਾਲਾਂ ਦੇ ਜਵਾਬ ਦੇਣ ਦੇ ਸਮਰੱਥ ਹੈ, ਜਿਸ ਨਾਲ ਫਰੰਟਲਾਈਨ ਸਟਾਫ਼ ਦੁਆਰਾ ਸੰਭਾਲੀਆਂ ਜਾਣ ਵਾਲੀਆਂ ਇਨਕੁਆਰੀ ਦੀ ਮਾਤਰਾ ਨੂੰ ਘਟਾਉਣ ਵਿੱਚ ਮੱਦਦ ਮਿਲ ਰਹੀ ਹੈ।

ਇਹ ਪ੍ਰੋਜੈਕਟ ਦਸੰਬਰ 2023 ਵਿੱਚ ਹਾਊਸਿੰਗ ਐਕਸਲੇਟਰ ਫੰਡ (HAF) ਪ੍ਰੋਗਰਾਮ ਦੇ ਤਹਿਤ ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ (CMHC) ਤੋਂ ਸਿਟੀ ਨੂੰ ਪ੍ਰਾਪਤ ਹੋਈ ਗ੍ਰਾਂਟ ਦੁਆਰਾ ਸੰਭਵ ਬਣਾਇਆ ਗਿਆ ਸੀ। ਸਿਟੀ ਦੇ HAF ਐਕਸ਼ਨ ਪਲਾਨ ਵਿੱਚ ਸੇਵਾਵਾਂ ਨੂੰ ਵਧਾਉਣ ਅਤੇ ਪਰਮਿਟ ਪ੍ਰਕਿਰਿਆ ਨੂੰ ਤੇਜ਼ ਕਰਨ ਲਈ AI ਤਕਨਾਲੋਜੀ ਦੀ ਖੋਜ ਅਤੇ ਲਾਗੂ ਕਰਨਾ ਸ਼ਾਮਲ ਹੈ। ਸਰੀ ਦੇ ਹਾਊਸਿੰਗ ਐਕਸ਼ਨ ਪਲਾਨ ਬਾਰੇ ਹੋਰ ਜਾਣਨ ਲਈ **ਇੱਥੇ** ਕਲਿੱਕ ਕਰੋ।

ਸਰੀ ਵਿੱਚ ਚੱਲ ਰਹੀਆਂ ਮੌਜੂਦਾ ਡਿਵੈਲਪਮੈਂਟ ਅਤੇ ਪਰਮਿਟ ਸੁਧਾਰ ਬਾਰੇ ਹੋਰ ਜਾਣਕਾਰੀ ਲਈ, ਸਿਟੀ ਆਫ਼ ਸਰੀ ਦੀ **ਵੈੱਬਸਾਈਟ** 'ਤੇ ਜਾਓ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ਼ ਸਰੀ
prabhjot.kahlon@surrey.ca
C :236-878-6263